BRAMPTON Flower City brampton.ca

media release

30 ਨਵੰਬਰ, 2018

# ਸਿਟੀ ਆਫ ਬ੍ਰੈਂਪਟਨ ਨੇ ਨਵੇਂ ਸਾਲ ਦੀ ਸ਼ਾਮ ਦੇ ਜਸ਼ਨ ਲਈ ਹੈੱਡਲਾਈਨਰ ਦੀ ਘੋਸ਼ਣਾ ਕੀਤੀ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton), ਬ੍ਰੈਂਪਟਨ 2018 ਦੀ ਨਵੇਂ ਸਾਲ ਦੀ ਸ਼ਾਮ (Brampton New Year's Eve 2018) ਲਈ ਹੈੱਡਲਾਈਨਰ (ਮੁੱਖ ਪਰਦਰਸ਼ਕ) ਦੇ ਤੌਰ ਤੇ ਜੂਨੋ-ਨਾਮਾਂਕਿਤ ਕਲਾਕਾਰ ਸ਼ੌਨ ਹੁਕ (Shawn Hook) ਦੀ ਘੋਸ਼ਣਾ ਕਰਨ ਲਈ ਉਤਸ਼ਾਹਿਤ ਹੈ।

ਸੋਮਵਾਰ, 31 ਦਸੰਬਰ ਨੂੰ ਰਾਤ 8 ਵਜੇ ਤੋਂ ਅੱਧੀ ਰਾਤ ਤੱਕ ਗਾਰਡਨ ਸਕਵੇਅਰ (Garden Square) ਵਿਖੇ, ਬ੍ਰੈਂਪਟਨ ਦੇ ਆਪਣੇ ਸੌਨਡ੍ਰਾਈਵ ਰਿਕਾਰਡਸ (SounDrive Records) ਦੇ ਸਹਿਯੋਗ ਨਾਲ ਤਿਆਰ ਕੀਤਾ, ਲਾਈਵ ਕੋਨਸਰਟ ਹੋਵੇਗਾ।

**ਲਾਈਵ ਮਨੋਰੰਜਨ**

ਕੋਨਸਰਟ ਵਿੱਚ ਜੂਲਿਅਨ ਟੇਲਰ ਬੈਂਡ (Julian Taylor Band) ਦੇ ਨਾਲ-ਨਾਲ, ਬ੍ਰੈਂਪਟਨ ਦੇ ਕਲਾਕਾਰ, ਰੈਜ਼ (Raz), ਮੇਲੇ ਰੋਜ਼ (Melle Rose) ਅਤੇ ਡੀ.ਜੇ. ਟੈਮ (DJ Tam) ਪਰਫੌਰਮ ਕਰਨਗੇ। ਟਿਮ ਹੋਰਟੋਨਸ (Tim Hortons) ਵੱਲੋਂ ਪੇਸ਼ ਕੀਤੇ ਦੋ ਰੋਮਾਂਚਕ ਪਟਾਕਿਆਂ ਦੇ ਡਿਸਪਲੇ, ਰਾਤ 9 ਵਜੇ ਤੇ ਅੱਧੀ ਰਾਤ ਨੂੰ ਹੋਣਗੇ।

ਡੀ.ਜੇ. ਟੈਮ ਰਾਤ 8 ਵਜੇ ਗਾਰਡਨ ਸਕਵੇਅਰ ਵਿੱਚ ਪਾਰਟੀ ਦੀ ਸ਼ੁਰੂਆਤ ਕਰਨਗੇ, ਉਸਦੇ ਬਾਅਦ ਮੇਲੇ ਰੋਜ਼ ਪਰਫੌਰਮ ਕਰਨਗੇ। ਉਹਨਾਂ ਲੋਕਾਂ ਲਈ, ਜੋ ਸ਼ਾਮ ਨੂੰ ਥੋੜ੍ਹਾ ਜਲਦੀ ਨਵੇਂ ਸਾਲ ਦਾ ਜਸ਼ਨ ਮਨਾਉਣਾ ਚਾਹੁੰਦੇ ਹਨ, ਦੋ ਫਾਇਰ ਵਰਕਸ ਦੇ ਪਹਿਲੇ ਡਿਸਪਲੇ ਰਾਤ 9 ਵਜੇ ਹੋਣਗੇ। ਲਾਈਵ ਮਨੋਰੰਜਨ ਰਾਤ 9:10 ਵਜੇ ਰੈਜ਼ ਨਾਲ ਜਾਰੀ ਰਹੇਗਾ, ਉਸਦੇ ਬਾਅਦ ਜੂਲਿਅਨ ਟੇਲਰ ਬੈਂਡ ਪਰਫੌਰਮ ਕਰਨਗੇ।

ਕੈਨੇਡਾ ਦੀ ਪੌਪ ਹਸਤੀ ਅਤੇ ਬ੍ਰੈਂਪਟਨ ਦੀ ਨਵੇਂ ਸਾਲ ਦੀ ਸ਼ਾਮ ਦੇ ਹੈੱਡਲਾਈਨਰ ਸ਼ੌਨ ਹੁਕ ਰਾਤ 11 ਵਜੇ ਤੋਂ ਬਾਅਦ ਸਟੇਜ ਤੇ ਆਉਣਗੇ, ਫਿਰ ਅੱਧੀ ਰਾਤ ਤੱਕ ਕਾਊਂਟਡਾਊਨ ਤੱਕ ਦੀ ਅਗਵਾਈ ਕਰਨਗੇ ਅਤੇ ਅੱਧੀ ਰਾਤ ਨੂੰ ਪਟਾਕਿਆਂ ਦਾ ਦੂਜਾ ਡਿਸਪਲੇ ਹੋਵੇਗਾ।

*ਸ਼ੌਨ ਹੁਕ ਬਾਰੇ*

ਕੈਨੇਡਾ ਦੇ ਪੌਪ ਗਾਇਕ-ਗੀਤਕਾਰ ਸ਼ੌਨ ਹੁਕ ਭੀੜ ਨੂੰ ਰੋਮਾਂਚਤ ਕਰਨ ਲਈ ਪ੍ਰਸਿੱਧ ਹਨ। ਉਹਨਾਂ ਦੀ ਪਹਿਲੀ ਸਿੰਗਲ "ਸਾਊਂਡ ਆਫ ਯੌਰ ਹਾਰਟ" ("Sound of Your Heart") ਹੁਣ ਕੈਨੇਡਾ ਵਿੱਚ ਸਰਟੀਫਾਇਡ ਪਲੈਟੀਨਮ (Platinum) ਹੈ। ਉਹਨਾਂ ਦਾ ਹਾਲੀਵੁੱਡ ਰਿਕਾਰਡਸ (Hollywood Records) ਪ੍ਰੀਮੀਅਰ ਈ.ਪੀ. (EP) *ਮਾਈ ਸਾਈਡ ਆਫ ਯੌਰ ਸਟੋਰੀ (My Side of Your Story)* ਸੰਗੀਤ ਅਤੇ ਜਜ਼ਬਾਤਾਂ ਦੇ ਰੰਗਾਂ ਦੇ ਪ੍ਰਤੀ ਉਹਨਾਂ ਦੀ ਖਾਸ ਵਿਸ਼ੇਸ਼ਤਾ ਨੂੰ ਦਰਸਾਉਂਦਾ ਹੈ ਅਤੇ ਉਹਨਾਂ ਦੇ ਸਿੰਗਲ, "ਰਿਮਾਈਂਡਿੰਗ ਮੀ" ("Reminding Me") ਨੇ ਪਹਿਲਾਂ ਹੀ ਦੇਸ਼ਭਰ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਹੁਕ ਨੇ ਇੰਡਸਟਰੀ ਵਿੱਚ ਵੱਡੀਆਂ ਹਸਤੀਆਂ ਨਾਲ ਤਾਲਮੇਲ ਕੀਤਾ ਹੈ, ਜਿਵੇਂ ਕਿ ਕਲਾਕਾਰ ਵੇਨੇਸਾ ਹਜਨਸ (Vanessa Hudgens), ਵਨ ਰਿਪਬਲਿਕ (One Republic) ਦੇ ਰਿਆਨ ਟੇਡਰ (Ryan Tedder) ਅਤੇ ਗੀਤਕਾਰ ਅਮਾਰ ਮਲਿਕ (Ammar Malik)। ਉਹਨਾਂ ਨੇ ਲਿੰਡਸੇ ਸਟਿਰਲਿੰਗ (Lindsay Stirling) ਅਤੇ ਮਾਰਿਆਨਾਸ ਟ੍ਰੈਂਚ (Marianas Trench) ਦੇ ਨਾਲ ਅਮਰੀਕਾ, ਕੈਨੇਡਾ ਅਤੇ ਯੂਰੋਪ ਦਾ ਟੂਰ ਵੀ ਕੀਤਾ ਅਤੇ ਹਾਲੀਵੁੱਡ ਰਿਕਾਰਡਸ/ਯੂਨੀਵਰਸਲ ਮਿਊਜ਼ਿਕ ਕੈਨੇਡਾ (Universal Music Canada) ਦੇ ਨਾਲ ਕਰਾਰ ਕੀਤਾ।

*ਜੂਲਿਅਨ ਟੇਲਰ ਬੈਂਡ ਬਾਰੇ*

ਜੂਲਿਅਨ ਟੇਲਰ ਬੈਂਡ ਟੋਰੋਂਟੋ ਤੋਂ ਹਨ ਅਤੇ ਉਹ ਸੋਲ, ਫੰਕ ਅਤੇ ਰੌਕ ਦਾ ਮਿਸ਼ਰਣ ਪੇਸ਼ ਕਰਦੇ ਹਨ। ਜੂਲਿਅਨ ਟੇਲਰ ਖੁਦ ਦੁਪਹਿਰ ਦੇ ਸਮੇਂ, ਇੰਡੀਜੀਨਸ ਲੋਕਾਂ ਦੀ ਮਾਲਕੀ ਵਾਲੇ ਟੋਰੋਂਟੋ ਦੇ ਬਿਲਕੁੱਲ ਨਵੇਂ ਰੇਡੀਓ ਸਟੇਸ਼ਨ ਈ.ਐਲ.ਐਮ.ਐਨ.ਟੀ. (ELMNT) ਐਫ.ਐਮ. (FM) ਦੇ ਹੋਸਟ (ਮੇਜਬਾਨ) ਵੀ ਹਨ। ਉਹਨਾਂ ਨੂੰ ਭਿੰਨ ਇੰਡੀਜੀਨਸ ਮਿਊਜ਼ਿਕ ਅਵਾਰਡਾਂ ਲਈ ਨਾਮਾਂਕਿਤ ਕੀਤਾ ਗਿਆ ਹੈ ਅਤੇ ਪਿਛਲੇ ਸਾਲ ਉਹਨਾਂ ਨੇ ਹੈਲੀਫੈਕਸ (Halifax) ਵਿੱਚ ਨੈਸ਼ਨਲ ਐਬਓਰਿਜਿਨਲ ਡੇ (National Aboriginal Day) ਨੂੰ ਪ੍ਰਸਾਰਿਤ ਕੀਤੇ ਕਾਰਜਕਰਮ ਵਿੱਚ ਮਾਰਿਆਨਾਸ ਟ੍ਰੈਂਚ ਨਾਲ ਸਟੇਜ ਤੇ ਗਾਇਆ ਵੀ ਸੀ।

*ਰੈਜ਼ ਬਾਰੇ*

ਹਿਪ-ਹੌਪ ਕਲਾਕਾਰ ਰੈਜ਼ ਇੱਥੇ ਬ੍ਰੈਂਪਟਨ ਵਿੱਚ ਇੱਕ ਪ੍ਰਸਿੱਧ ਪਰਫੌਰਮਰ ਹਨ, ਉਹਨਾਂ ਨੇ 2018 ਵਿੱਚ ਗਾਰਡਨ ਸਕਵੇਅਰ ਦੀ ਫ੍ਰਾਈਡੇ ਨਾਈਟ ਲਾਈਵ (Friday Night Live) ਮਿਊਜ਼ਿਕ ਸੀਰੀਜ ਦੇ ਹਿੱਸੇ ਵਜੋਂ ਸਟੇਜ ਤੇ ਸ਼ੁਰੂਆਤੀ ਪਰਫੌਰਮੈਂਸ ਦਿੱਤੀ ਸੀ। ਹੁਣ ਉਹ ਜਲਦੀ ਰਿਲੀਜ ਹੋਣ ਵਾਲੇ ਈ.ਪੀ. ਤੇ ਕੰਮ ਕਰ ਰਹੇ ਹਨ ਅਤੇ ਅਕਸਰ ਆਪਣੇ ਸ਼ੋ ਦੇ ਹਿੱਸੇ ਵਜੋਂ ਸਟੇਜ ਤੇ ਗਿਟਾਰ ਤੇ ਧੁਨ ਵੀ ਪਲੇ ਕਰਦੇ ਹਨ।

*ਮੇਲੇ ਰੋਜ਼ ਬਾਰੇ*
ਮੇਲੇ ਰੋਜ਼ ਵੀ ਪਿਛਲੇ ਗਾਰਡਨ ਸਕਵੇਅਰ ਪਰਫੌਰਮਰ ਹਨ, ਉਹਨਾਂ ਨੇ 2018 ਵਿੱਚ ਬੁੱਧਵਾਰ ਨੂੰ ਹੋਣ ਵਾਲੀ ਬ੍ਰੈਂਪਟਨ ਔਨ ਸਟੇਜ (Brampton on Stage) ਮਿਊਜ਼ਿਕ ਸੀਰੀਜ ਵਿੱਚ ਹਿੱਸਾ ਲਿਆ ਸੀ। ਉਹਨਾਂ ਨੇ ਇਸ ਸਾਲ ਸ਼ਾਨਦਾਰ ਬ੍ਰੈਂਪਟਨ (Vibrant Brampton) ਕਾਰਜਕਰਮ ਵਿੱਚ ਵੀ ਪਰਫੌਰਮ ਕੀਤਾ ਸੀ। ਮੇਲੇ ਇੱਕ ਪੌਪ, ਰੌਕ ਅਤੇ ਕੰਟਰੀ ਗਾਇਕਾ ਅਤੇ ਗੀਤਕਾਰ ਹਨ, ਜੋ ਇਸ ਵੇਲੇ ਬ੍ਰੈਂਪਟਨ ਵਿੱਚ ਰਹਿੰਦੀ ਹੈ।

**ਪਰਿਵਾਰ-ਅਨੁਕੂਲਿਤ ਗਤੀਵਿਧੀਆਂ**
ਸਿਟੀ ਹਾਲ ਦੀ ਕਨਸਰਵੇਟਰੀ (Conservatory) ਵਿੱਚ ਇੱਕ ਲਾਈਵ ਡਾਂਸ ਪਾਰਟੀ ਅਤੇ ਐਟਰੀਅਮ (Atrium) ਵਿੱਚ ਘੁੰਮਦੇ-ਫਿਰਦੇ ਜਾਦੂਗਰ ਅਤੇ ਨਿੱਘੇ ਖੇਤਰ ਦੇ ਨਾਲ, ਪਰਿਵਾਰ-ਅਨੁਕੂਲਿਤ ਮਨੋਰੰਜਨ ਸ਼ਾਮ 6:30 ਵਜੇ ਤੋਂ 9 ਵਜੇ ਤੱਕ ਹੋਵੇਗਾ। ਜਦੋਂ ਸਿਟੀ ਹਾਲ ਵਿੱਚ ਪਾਰਟੀ ਖ਼ਤਮ ਹੋਵੇਗੀ, ਪਰਿਵਾਰਾਂ ਨੂੰ ਗਾਰਡਨ ਸਕਵੇਅਰ ਵਿੱਚ ਰਾਤ 9 ਵਜੇ ਜਲਦੀ ਹੋਣ ਵਾਲੇ ਪਟਾਕਿਆਂ ਦੇ ਸ਼ੋ ਦਾ ਮਜ਼ਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਕੌਨਸਰਟ ਵਿੱਚ ਅੱਗੇ, ਹਰ ਕਿਸੇ ਨੂੰ ਸਰਦੀ ਦੀਆਂ ਹਜ਼ਾਰਾਂ ਝਿਲਮਿਲਾਉਂਦੀਆਂ ਲਾਈਟਾਂ ਦੇਖਣ ਅਤੇ ਟ੍ਰੇਲ ਉੱਤੇ ਸਕੇਟਿੰਗ ਕਰਨ ਲਈ ਗੇਜ ਪਾਰਕ (Gage Park) ਵਿਖੇ ਆਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਬ੍ਰੈਂਪਟਨ ਦੀ 2018 ਨਵੇਂ ਸਾਲ ਦੀ ਸ਼ਾਮ ਨੂੰ ਮਾਣ ਦੇ ਨਾਲ ਡਾਉਨਟਾਉਨ ਬ੍ਰੈਂਪਟਨ ਬੀ.ਆਈ.ਏ. (Downtown Brampton BIA) ਵੱਲੋਂ ਸਪਾਂਸਰ ਕੀਤਾ ਗਿਆ ਹੈ।

ਨਵੇਂ ਸਾਲ ਦੀ ਸ਼ਾਮ ਨੂੰ, ਸ਼ਾਮ 7 ਵਜੇ ਤੋਂ ਸ਼ੁਰੂ ਕਰਦੇ ਹੋਏ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ **ਮੁਫ਼ਤ** ਸਵਾਰੀ ਕਰੋ। ਟ੍ਰਾਂਜ਼ਿਟ ਦੀ ਸਮਾਂ ਸੂਚੀ ਅਤੇ ਸੜਕਾਂ ਦੇ ਬੰਦ ਹੋਣ ਸਮੇਤ, ਕਾਰਜਕਰਮ ਬਾਰੇ ਹੋਰ ਜਾਣਕਾਰੀ ਲਈ, www.brampton.ca/nye ਤੇ ਜਾਓ।

**ਹਵਾਲਾ**

"ਬ੍ਰੈਂਪਟਨ ਵਾਸੀਆਂ ਨੂੰ ਨਵੇਂ ਸਾਲ ਤੋਂ ਪਹਿਲਾਂ ਦੀ ਸ਼ਾਮ ਦਾ ਜਸ਼ਨ ਮਨਾਉਣ ਲਈ ਕਿਤੇ ਦੂਰ ਜਾਣ ਦੀ ਲੋੜ ਨਹੀਂ ਹੈ – ਬ੍ਰੈਂਪਟਨ ਦਾ ਆਪਣਾ ਖੁਦ ਦਾ ਸਾਲਾਨਾ ਕਾਰਜਕਰਮ ਪੂਰੇ ਪਰਿਵਾਰ ਲਈ ਮਜ਼ੇਦਾਰ ਗਤੀਵਿਧੀਆਂ, ਊਰਜਾ ਅਤੇ ਅਨੰਦ ਨਾਲ ਭਰਪੂਰ ਹੁੰਦਾ ਹੈ। ਲਾਈਵ ਮਨੋਰੰਜਨ ਦੇ ਨਾਲ ਪੂਰੀ ਸ਼ਾਮ ਡਾਂਸ ਕਰੋ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਦੇ ਨਾਲ ਇਨਡੋਰ ਖੇਤਰ ਵਿੱਚ ਨਿੱਘੇ ਹੋਵੋ ਅਤੇ ਸਿਰਫ਼ ਇੱਕ ਨਹੀਂ, ਬਲਕਿ ਪੂਰੀ ਰਾਤ ਪਟਾਕਿਆਂ ਦੇ ਦੋ ਡਿਸਪਲੇ ਦਾ ਮਜ਼ਾ ਲਓ। ਹਰ ਕਿਸੇ ਦਾ ਸੁਆਗਤ ਹੈ!"

- *ਕਾਉਂਸਲਰ ਜੈਫ ਬੋਮੈਨ (Jeff Bowman), ਇਕੋਨੋਮਿਕ ਡੈਵਲੈਪਮੈਂਟ ਚੇਅਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਕ੍ਰਿਸਟੀਨ ਸ਼ਰਮਾ (Christine Sharma)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.2880 | christine.sharma@brampton.ca